# 10

# ਨਵਾਂ ਨੇਮ-ਇਕ ਨਵੀਂ ਬੰਦਗੀ

## (ਯੂਹੰਨਾ 4:23, 24)

ਸ਼ਰ੍ਹਾ ਅਧੀਨ ਕੀਤੀ ਜਾਣ ਵਾਲੀ ਖ਼ੁਦਾ ਦੀ ਬੰਦਗੀ ਜਾਨਵਰਾਂ ਦੀ ਕੁਰਬਾਨੀ 'ਤੇ ਅਧਾਰਿਤ ਸੀ, ਪਰ ਨਵੀਂ ਸ਼ਰ੍ਹਾ ਰੂਹਾਨੀ ਕੁਰਬਾਨੀ 'ਤੇ ਬਣਾਈ ਗਈ ਸੀ। ਮਸੀਹ ਦੀ ਸ਼ਰ੍ਹਾ ਵਿਚ ਸਾਨੂੰ ਆਪਣੇ ਆਪ ਨੂੰ ਸਲੀਬ 'ਤੇ ਚੜ੍ਹਾ ਕੇ (ਰੋਮੀਆਂ 6:4-6; ਗਲਾਤੀਆਂ 2:20) ਜ਼ਿੰਦਾ ਕੁਰਬਾਨੀਆਂ ਬਣਨਾ ਹੈ (ਰੋਮੀਆਂ 12:1)। ਸਾਡੀ ਬੰਦਗੀ ਲਿਖਤ ਦੇ ਪੁਰਾਣੇਪਨ ਵਿਚ ਨਹੀਂ ਬਲਕਿ ਆਤਮਾ ਦੇ ਨਵੇਂਪਨ ਵਿਚ ਹੋਣੀ ਚਾਹੀਦੀ ਹੈ (2 ਕੁਰਿੰਥੀਆਂ 3:6; ਫ਼ਿਲਿੱਪੀਆਂ 3:3), ਜਿਸ ਨਾਲ ਰੂਹਾਨੀ ਕੁਰਬਾਨੀ ਦਿੱਤੀ ਜਾ ਸਕੇ। ਪਤਰਸ ਨੇ ਕਿਹਾ:

> ਜਿਹਦੇ ਕੋਲ ਤੁਸੀਂ ਆਏ ਹੋ ਜਾਣੋ ਇਕ ਜੀਉਂਦੇ ਪੱਥਰ ਕੋਲ ਜਿਹੜਾ ਮਨੁੱਖਾਂ ਕੋਲੋਂ ਤਾਂ ਰੱਦਿਆ ਗਿਆ ਪਰੰਤੂ ਪਰਮੇਸ਼ੁਰ ਦੇ ਭਾਣੇ ਚੁਣਿਆ ਹੋਇਆ ਅਤੇ ਅਮੋਲਕ ਹੈ। ਤੁਸੀਂ ਆਪ ਵੀ ਜੀਉਂਦੇ ਪੱਥਰਾਂ ਦੀ ਨਿਆਈਂ ਹੋ ਕੇ ਆਤਮਕ ਘਰ ਉੱਸਰਦੇ ਜਾਓ ਭਈ ਯਾਜਕਾਂ ਦੀ ਪਵਿੱਤਰ ਮੰਡਲੀ ਬਣੋ ਤਾਂ ਜੋ ਤੁਸੀਂ ਓਹ ਆਤਮਿਕ ਬਲੀਦਾਨ ਚੜ੍ਹਾਓ ਜਿਹੜੇ ਯਿਸੂ ਮਸੀਹ ਦੇ ਰਾਹੀਂ ਪਰਮੇਸ਼ੁਰ ਨੂੰ ਭਾਉਂਦੇ ਹਨ (1 ਪਤਰਸ 2:4, 5)।

ਇਹ ਕੁਰਬਾਨੀ ਆਦਮੀ ਦੀ ਰੂਹ ਦੀ ਰਾਹਿਰਾਈ ਤੋਂ ਦਿੱਤੀ ਜਾਣੀ ਸੀ ਅਤੇ ਬੁੱਲ੍ਹਾਂ ਨਾਲ ਕੀਤੀ ਜਾਣ ਵਾਲੀ ਵਡਿਆਈ ਹੈ। ''ਅਸੀਂ ਉਹ ਦੇ ਦੁਆਰਾ ਉਸਤਤ ਦਾ ਬਲੀਦਾਨ ਅਰਥਾਤ ਉਨ੍ਹਾਂ ਬੁੱਲ੍ਹਾਂ ਦਾ ਫਲ ਜਿਹੜੇ ਉਹ ਦੇ ਨਾਮ ਨੂੰ ਮੰਨ ਲੈਂਦੇ ਹਨ ਪਰਮੇਸ਼ੁਰ ਦੇ ਅੱਗੇ ਸਦਾ ਚੜ੍ਹਾਇਆ ਕਰੀਏ'' (ਇਬਰਾਨੀਆਂ 13:15)।

### ਫ਼ਰਕ ਕੁਰਬਾਨੀ

ਸ਼ਰ੍ਹਾ ਵਿਚ ਪਾਪ ਅਤੇ ਦੋਸ਼ ਦੇ ਪ੍ਰਾਸਚਿਤ ਦੇ ਤੌਰ ਤੇ ਜਾਨਵਰਾਂ ਦੀਆਂ ਕੁਰਬਾਨੀਆਂ (ਲੇਵੀਆਂ ਦੀ ਪੋਥੀ 4:1-35; 5:1-19 ) ਹੀ ਨਹੀਂ ਚੜ੍ਹਾਈਆਂ ਜਾਂਦੀਆਂ ਸਨ। ਮੇਲ ਬਲੀ, ਮੰਨਤ, ਖੁਸ਼ੀ ਨਾਲ ਕੀਤੀਆਂ ਜਾਣ ਵਾਲੀ ਸ਼ੁਕਰਗੁਜਾਰੀ ਦੀ ਭੇਂਟ ਨੂੰ ਬੰਦਗੀ ਹੀ ਮੰਨਿਆ ਜਾਂਦਾ ਸੀ (ਲੇਵੀਆਂ ਦੀ ਪੋਥੀ 3:1-9; 7:11-34)। ਇਸ ਵਿਚ ''ਤੇਲ ਨਾਲ ਗੁੰਨ੍ਹੇ ਹੋਏ ਪਤੀਰੇ ਫੁਲਕੇ ਅਤੇ ਤੇਲ ਨਾਲ ਚੋਪੜੀ ਹੋਈ ਪਤੀਰੀ ਮੱਠੀ ਅਤੇ ਮੈਦੇ ਦੀਆਂ ਤੇਲ ਨਾਲ ਤਲੀਆਂ ਹੋਈਆਂ ਪੂੜੀਆਂ'' ਹੋ ਸਕਦੀਆਂ ਸਨ (ਲੇਵੀਆਂ 7:12)। ਖ਼ੁਦਾ ਅਜਿਹੀਆਂ ਕੁਰਬਾਨੀਆਂ ਹੀ ਨਹੀਂ ਬਲਕਿ ਪਾਕ ਸਾਫ਼ ਜ਼ਿੰਦਗੀ ਅਤੇ ਪਸ਼ਚਾਤਾਪੀ ਮਨ ਵੀ ਚਾਹੁੰਦਾ ਸੀ (ਜ਼ਬੂਰ 51:17; ਯਸਾਯਾਹ 1:11-17)।

ਇਸਰਾਏਲੀਆਂ ਵੱਲੋਂ ਨੇਮ ਦੇ ਸੰਦੂਕ ਨੂੰ ਯਰੂਸ਼ਲਮ ਵਿਚ ਲਿਜਾਣ ਸਮੇਂ ਦਾਊਦ ਨੇ ਛੇ

ਕਦਮ ਤੇ ਇਕ ਪਲਿਆ ਹੋਇਆ ਵੱਡਾ ਕੁਰਬਾਨ ਕਰ ਕੇ ਖ਼ੁਦਾ ਦੀ ਬੰਦਗੀ ਕੀਤੀ ਸੀ (2 ਸਮੂਏਲ 6:13)। ਸੰਦੂਕ ਦੇ ਤੰਬੂ ਤਕ ਪਹੁੰਚਣ ਤੇ ਉਹਨੇ ਹੋਮ ਬਲੀ ਦਿੱਤੀ ਸੀ (2 ਸਮੂਏਲ 6:17)।

ਕੁਝ ਲੋਕ ਇਹ ਆਖ ਕੇ ਕਿ ਪੁਰਾਣੇ ਨੇਮ ਦੇ ਸਮੇਂ ਖ਼ੁਦਾ ਦੀ ਬੰਦਗੀ ਇਵੇਂ ਹੁੰਦੀ ਸੀ, ਬੰਦਗੀ ਵਿਚ ਗਾਉਣ ਦੇ ਨਾਲ ਨੱਚਣ ਅਤੇ ਵਜਾਉਣ ਨੂੰ ਜਾਇਜ਼ ਠਹਿਰਾਉਣਾ ਚਾਹੁੰਦੇ ਹਨ (ਜ਼ਬੂਰ 150:4-6)। ਉਨ੍ਹਾਂ ਦੀ ਦਲੀਲ ਹੁੰਦੀ ਹੈ ਕਿ ''ਜੇ ਬੰਦਗੀ ਵਿਚ ਉਸ ਨੂੰ ਇਹ ਸਭ ਉਦੋਂ ਪਸੰਦ ਸੀ ਤਾਂ ਹੁਣ ਉਹ ਓਨ੍ਹਾਂ ਨੂੰ ਕਿਉਂ ਪਸੰਦ ਨਹੀ ਕਰੇਗਾ?'' ਇਹੀ ਸਵਾਲ ਹੋਮ ਬਲੀਆਂ ਬਾਰੇ ਵੀ ਪੁੱਛਿਆ ਜਾ ਸਕਦਾ ਹੈ। ਖ਼ੁਦਾ ਨੇ ਉਸ ਸਮੇਂ ਬੰਦਗੀ ਦੇ ਇਕ ਰੂਪ ਵਿਚ ਇਨ੍ਹਾਂ ਦਾ ਹੁਕਮ ਦਿੱਤਾ ਸੀ ਤਾਂ ਹੁਣ ਉਹ ਇਨ੍ਹਾਂ ਨੂੰ ਕਿਉਂ ਕਬੂਲ ਨਹੀਂ ਕਰੇਗਾ?

ਕਦੇ-ਕਦੇ ਦਿੱਤਾ ਜਾਣ ਵਾਲਾ ਇਕ ਜਵਾਬ ਇਹ ਹੈ ਕਿ ਖ਼ੁਦਾ ਨੇ ਸਾਫ਼ ਤੌਰ ਤੇ ਦੱਸ ਦਿੱਤਾ ਹੈ ਕਿ ਯਿਸੂ ਤੇ ਆਪਣੀ ਕੁਰਬਾਨੀ ਤੇ ਬਾਅਦ ਹੁਣ ਕਿਸੇ ਹੋਰ ਕੁਰਬਾਨੀ ਨੂੰ ਨਹੀਂ ਮੰਨਿਆ ਜਾਂਦਾ। ਬਾਈਬਲ ਦੱਸਦੀ ਹੈ ਕਿ ਪਾਪ ਬਲੀਆਂ ਹੁਣ ਕਬੂਲ ਨਹੀਂ ਹਨ ਕਿਉਂਕਿ ਯਿਸੂ ਨੇ ਪਾਪ ਲਈ ਇੱਕੋ ਕੁਰਬਾਨੀ ਦੇ ਦਿੱਤੀ ਹੈ (ਇਬਰਾਨੀਆਂ 7:27; 9:24-28; 10:4, 8, 12, 14)। ਪਰ ਇਸ ਵਿਚ ਕਿੱਥੇ ਕਿਹਾ ਗਿਆ ਹੈ ਕਿ ਬੰਦਗੀ ਦੇ ਇਕ ਰੂਪ ਵਿਚ ਹੋਮ ਬਲੀਆਂ ਨੂੰ ਇਕ ਪਾਸੇ ਰੱਖ ਦਿੱਤਾ ਗਿਆ ਹੈ? ਇਹ ਕੁਰਬਾਨੀਆਂ ਸ਼ਰ੍ਹਾ ਦੇ ਦਿੱਤੇ ਜਾਣ ਤੋਂ ਪਹਿਲਾਂ (ਉਤਪਤ 4:4; 8:20; 22:13; 31:54; 46:1; ਕੂਚ 18:12) ਅਤੇ ਉਸ ਸਮੇਂ ਜਦ ਸ਼ਰ੍ਹਾ ਨੂੰ ਪੂਰਾ ਕੀਤਾ ਜਾਂਦਾ ਸੀ, ਮੰਨਣਯੋਗ ਸਨ। ਇਸ ਤੱਥ ਦਾ ਕਿ ਨਵੇਂ ਨੇਮ ਦੀ ਬੰਦਗੀ 'ਚ ਉਨ੍ਹਾਂ ਦਾ ਹੁਕਮ ਨਹੀਂ ਦਿੱਤਾ ਗਿਆ, ਇਹ ਅਰਥ ਹੈ ਕਿ ਉਹ ਸਾਡੀ ਬੰਦਗੀ ਵਿਚ ਸ਼ਾਮਿਲ ਨਹੀਂ ਹੋਣੇ ਚਾਹੀਦੇ। ਜਿਹੜਾ ਨਿਅਮ ਹੋਮ ਬਲੀਆਂ ਨੂੰ ਬਾਹਰ ਕਰਦਾ ਹੈ ਉਹੀ ਸ਼ਰ੍ਹਾ ਦੇ ਅਧੀਨ ਕੀਤੀ ਜਾਣ ਵਾਲੀ ਬੰਦਗੀ ਦੇ ਕਿਸੇ ਵੀ ਰੂਪ ਨੂੰ ਬਾਹਰ ਕਰਦਾ ਹੈ। ਅਗਲੇ ਪਾਠ ਵਿਚ ਅਸੀਂ ਕੁਝ ਆਇਤਾਂ 'ਤੇ ਵਿਚਾਰ ਕਰਾਂਗੇ, ਜਿਨ੍ਹਾਂ ਵਿਚ ਸਿਖਾਇਆ ਗਿਆ ਹੈ ਕਿ ਸ਼ਰ੍ਹਾ ਹੁਣ ਲਾਗੂ ਨਹੀਂ ਹੈ।

## ਫ਼ਰਕ ਯਾਜਕਾਈ

ਦੁਨਿਆਵੀ ਯਾਜਕਾਂ ਰਾਹੀਂ ਖ਼ੁਦਾ ਦੀ ਬੰਦਗੀ ਕਰਨ ਦੀ ਥਾਂ ਮਸੀਹੀ ਲੋਕ ਹੀ ਖ਼ੁਦਾ ਦੇ ਯਾਜਕ ਹਨ (1 ਪਤਰਸ 2:9; ਪ੍ਰਕਾਸ਼ ਦੀ ਪੋਥੀ 1:6; 5:10; 20:6)। ਅਸੀਂ ਖ਼ੁਦਾ ਦੀ ਬੰਦਗੀ ਯਿਸੂ ਦੇ ਰਾਹੀਂ ਕਰ ਸਕਦੇ ਹਾਂ ਜੋ ਸਾਡਾ ਇੱਕੋ-ਇਕ ਵਿਚੋਲਾ ਹੈ (1 ਤਿਮੋਥਿਉਸ 2:5)।

ਇਬਰਾਨੀਆਂ 7:12 ਵਿਚ ਯਾਜਕਾਈ ਦੇ ਬਦਲਣ ਦੀ ਗੱਲ ਮਿਲਦੀ ਹੈ। ਪੁਰਾਣੀ ਸ਼ਰ੍ਹਾ ਵਿਚ ਤਾਂ ਯਾਜਕ ਲੇਵੀਆਂ ਦੇ ਕਬੀਲੇ ਦੇ ਹੁੰਦੇ ਸਨ (ਵਿਵਸਥਾਸਾਰ 21:5), ਪਰ ਹੁਣ ਖ਼ੁਦਾ ਦੇ ਸਾਹਮਣੇ ਮਸੀਹੀ ਲੋਕ ਯਾਜਕਾਂ ਦੇ ਰੂਪ ਵਿਚ ਕੰਮ ਕਰਦੇ ਹਨ। ਅਸੀਂ ਯਾਜਕਾਂ ਦਾ ਸਮਾਜ ਹਾਂ (1 ਪਤਰਸ 2:5, 9) ਜਿਨ੍ਹਾਂ ਦਾ ਮਹਾ ਯਾਜਕ ਯਿਸੂ ਹੈ (ਇਬਰਾਨੀਆਂ 2:17; 4:14, 15; 5:5, 10)।

> ਇਹੋ ਜਿਹਾ ਪ੍ਰਧਾਨ ਯਾਜਕ ਸਾਡੇ ਲਈ ਫੱਬਦਾ ਸੀ ਜਿਹੜਾ ਪਵਿੱਤਰ,

ਨਿਰਦੋਸ਼, ਨਿਰਮਲ, ਪਾਪੀਆਂ ਤੋਂ ਨਿਆਰਾ ਅਤੇ ਅਕਾਸ਼ਾਂ ਤੋਂ ਉੱਚਾ ਕੀਤਾ ਹੋਇਆ ਹੋਵੇ ਜਿਹ ਨੂੰ ਉਨ੍ਹਾਂ ਪ੍ਰਧਾਨ ਯਾਜਕ ਵਾਂਗ ਲੋੜ ਨਹੀਂ ਭਈ ਪਹਿਲਾਂ ਆਪਣਿਆਂ ਅਤੇ ਫਿਰ ਪਰਜਾ ਦਿਆਂ ਪਾਪਾਂ ਲਈ ਬਲੀਦਾਨ ਨਿੱਤ ਚੜ੍ਹਾਇਆ ਕਰੇ ਕਿਉਂ ਜੋ ਉਹ ਇੱਕੋ ਵਾਰ ਇਹ ਕਰ ਗੁਜ਼ਰਿਆ ਜਦੋਂ ਆਪਣੇ ਆਪ ਨੂੰ ਚੜ੍ਹਾ ਦਿੱਤਾ (ਇਬਰਾਨੀਆਂ 7:26, 27)।

## ਫ਼ਰਕ ਢੰਗ

### ਕਿਸੇ ਵੀ ਥਾਂ

ਯਿਸੂ ਨੇ ਦੱਸਿਆ ਕਿ ਬੰਦਗੀ ਹੁਣ ਯਰੂਸ਼ਲਮ ਵਿਚ ਅਤੇ ਉੱਥੇ ਹੋਣ ਵਾਲੀਆਂ ਧਾਰਮਿਕ ਰੀਤਾਂ ਤਕ ਸੀਮਤ ਨਹੀਂ ਰਹਿਣੀ ਸੀ। ਉਸ ਨੇ ਕਿਹਾ ਕਿ ਹੁਣ ਬੰਦਗੀ ਆਤਮਾ ਅਤੇ ਸੱਚਾਈ ਨਾਲ ਹੋਵੇਗੀ (ਯੂਹੰਨਾ 4:23, 24)। ਯਿਸੂ ਮੁਤਾਬਕ ਖ਼ੁਦਾ ਦੀ ਬੰਦਗੀ ਦੀ ਇਕ ਨਵੀਂ ਸਵੇਰ ਹੋਣ ਵਾਲੀ ਸੀ। ਯਰੂਸ਼ਲਮ ਨੂੰ ਭਾਵ ਉੱਥੇ ਕੀਤੀ ਜਾਣ ਵਾਲੀ ਬੰਦਗੀ ਦੇ ਪਰਛਾਵੇਂ ਵੱਲ ਵੇਖਣ ਦੀ ਬਜਾਇ (ਇਬਰਾਨੀਆਂ 8:5), ਖ਼ੁਦਾ ਨੂੰ ਕਬੂਲ ਹੋਣ ਯੋਗ ਬੰਦਗੀ ਯਿਸੂ ਦੇ ਰਾਹੀਂ ਦਿੱਤੀ ਗਈ ਸੱਚਾਈ ਅਨੁਸਾਰ ਹੀ ਹੋਣੀ ਸੀ (ਯੂਹੰਨਾ 1:17)। ਖ਼ੁਦਾ ਨੇ ਹੁਣ ਬੰਦਗੀ ਦੇ ਉਨ੍ਹਾਂ ਸਰੂਪਾਂ ਨੂੰ ਨਹੀਂ ਮੰਨਣਾ ਸੀ ਜੋ ਉਹਨੇ ਇਸਰਾਏਲ ਨੂੰ ਦਿੱਤੇ ਸਨ।

### ਆਤਮਾ ਨਾਲ

ਬੇਸ਼ੱਕ ਸ਼ਰ੍ਹਾ ਵਿਚ ਮਨ 'ਤੇ ਜੋਰ ਨਹੀਂ ਦਿੱਤਾ ਗਿਆ ਸੀ, ਪਰ ਖ਼ੁਦਾ ਦੀ ਇਹ ਮਰਜ਼ੀ ਰਹਿੰਦੀ ਸੀ ਕਿ ਉਹਦੀ ਬੰਦਗੀ ਦਿਲੋਂ, ਭਾਵ ਦਿਲ ਦੀ ਤਹਿ ਤੋਂ ਹੋਵੇ। ਨਵੇਂ ਨੇਮ ਦੇ ਬੰਦਗੀ ਕਰਨਾ ਵਾਲਿਆਂ ਨੂੰ ਰੂਹ ਅਤੇ ਸੱਚਾਈ ਨਾਲ ਬੰਦਗੀ ਕਰਨੀ ਚਾਹੀਦੀ ਹੈ, ਕਿਉਂਕਿ ਖ਼ੁਦਾ ਅਜਿਹੇ ਹੀ ਬੰਦਗੀ ਕਰਨ ਵਾਲਿਆਂ ਨੂੰ ਭਾਲਦਾ ਹੈ (ਯੂਹੰਨਾ 4:23, 24)। ਯਿਸੂ ਵੱਲੋਂ ਵਰਤੇ ਗਏ ਸ਼ਬਦ ਦਾ ਅਨੁਵਾਦ ''ਕਰਨਗੇ'' ਇਹ ਸੰਕੇਤ ਦਿੰਦਾ ਹੈ ਕਿ ਇਸ ਦਾ ਕੋਈ ਬਦਲ ਨਹੀਂ ਦਿੱਤਾ ਜਾਣਾ ਸੀ। ਪੂਰੀ ਬੰਦਗੀ ਇਨ੍ਹਾਂ ਮਾਪਦੰਡਾਂ ਮੁਤਾਬਕ ਹੀ ਹੋਣੀ ਚਾਹੀਦੀ ਹੈ।

ਆਤਮਾ ਨਾਲ ਬੰਦਗੀ ਕਰਨ ਤੋਂ ਭਾਵ ਉਹ ਬੰਦਗੀ ਹੈ ਜੋ ਆਦਮੀ ਦੇ ਦਿਲੋਂ ਸ਼ੁਰੂ ਹੋ ਕੇ ਵਿਖਾਈ ਜਾਂਦੀ ਹੈ। ਖ਼ੁਦਾ ਦੀ ਬੰਦਗੀ ਨੂੰ ਵਿਖਾਉਣ ਦੀ ਅੰਦਰ ਦੀ ਸੋਚ ਵੀ ਚੇਤਨਾ ਦੀ ਕੋਸ਼ਿਸ ਦੇ ਬਗ਼ੈਰ ਬੰਦਗੀ ਦੀਆਂ ਭਾਵਨਾਂਵਾ ਖੋਖਲੀਆਂ ਅਤੇ ਖ਼ੁਦਾ ਨੂੰ ਨਾਮੰਜ਼ੂਰ ਹਨ। ਉਹਦੀ ਦਿਲਚਸਪੀ ਬਾਹਰੀ ਵਿਖਾਵੇ ਭਾਵ ਸਰੀਰਕ ਕੰਮਾਂ ਵਿਚ ਨਹੀਂ ਹੈ। ਬੰਦਗੀ ਦਿਲ-ਓ-ਜਾਨ ਨਾਲ ਹੀ ਹੋਣੀ ਚਾਹੀਦੀ ਹੈ (ਅਫ਼ਸੀਆਂ 5:19)।

### ਸੱਚਾਈ ਨਾਲ

ਬੰਦਗੀ ਰੂਹ ਨਾਲ ਹੀ ਨਹੀਂ, ਸੱਚਾਈ ਨਾਲ ਵੀ ਹੋਣੀ ਜ਼ਰੂਰੀ ਹੈ। ਸੱਚਾਈ ਯਿਸੂ ਦੇ ਰਾਹੀਂ ਆਈ (ਯੂਹੰਨਾ 1:14, 17; 8:31, 32; 14:6; ਅਫ਼ਸੀਆਂ 4:21)। ਇਹ ਸੱਚਾਈ ਪਿਤਾ ਵੱਲੋਂ ਦਿੱਤੀ ਗਈ ਹੈ (ਯੂਹੰਨਾ 17:17; ਵੇਖੋ ਯੂਹੰਨਾ 12:49, 50)। ਪਵਿੱਤਰ ਆਤਮਾ ਨੇ ਰਸੂਲਾਂ ਨੂੰ ਇਕ ਸੱਚਾਈ ਯਾਦ ਕਰਾਈ ਜੋ ਉਨ੍ਹਾਂ ਨੇ ਯਿਸੂ ਤੋਂ ਸੁਣੀ ਸੀ (ਯੂਹੰਨਾ 14:26) ਅਤੇ ਉਹਨੇ ਉਨ੍ਹਾਂ ਨੂੰ ਸਾਰੀ ਸਚਿਆਈ ਵਿਚ ਅਗਵਾਈ ਦਿੱਤੀ (ਯੂਹੰਨਾ 16:13)। ਹੁਣ ਸਾਨੂੰ ਮਸੀਹ ਵਿਚ ਭਰਪੂਰ ਕੀਤਾ ਜਾਂਦਾ ਹੈ (ਕੁਲੁੱਸੀਆਂ 2:10)। ਜਿਸ ਵਿਚ

ਬੁੱਧ ਅਤੇ ਗਿਆਨ ਦੇ ਸਾਰੇ ਭੰਡਾਰ ਲੁਕੇ ਹੋਏ ਹਨ (ਕੁਲੁੱਸੀਆਂ 2:3)। ਇਸੇ ਕਰਕੇ ਖ਼ੁਦਾ ਦੀ ਬੰਦਗੀ ਵਿਚ ਵਰਤੇ ਜਾਣ 'ਤੇ ਮਨੁੱਖਾਂ ਦੀਆਂ ਬਣਾਈਆਂ ਰਸਮਾਂ ਬੇਕਾਰ ਹੋ ਜਾਂਦੀਆਂ ਹਨ (ਮੱਤੀ 15:7-9; ਮਰਕੁਸ 7:6-13; ਕੁਲੁੱਸੀਆਂ 2:8; ਤੀਤੁਸ 1:14)।

ਨਵੇਂ ਨੇਮ ਦੀ ਬੰਦਗੀ ਵਿਚ ਰਸੂਲਾਂ ਦੀ ਸਿੱਖਿਆ, ਦੁਆ (ਰਸੂਲਾਂ ਦੇ ਕੰਮ 2:42) ਵਿਚ ਲੱਗੇ ਰਹਿਣ, ਪ੍ਰਭੂ ਭੋਜ ਵਿਚ ਯਿਸੂ ਨੂੰ ਯਾਦ ਕਰਨ (1 ਕੁਰਿੰਥੀਆਂ 11:23-26), ਪ੍ਰਭੂ ਲਈ ਦਿਲ ਨਾਲ ਗਾਉਣਾ (ਅਫ਼ਸੀਆਂ 5:19; ਕੁਲੁੱਸੀਆਂ 3:16) ਅਤੇ ਜਿਵੇਂ ਮਨ ਵਿਚ ਸੋਚਿਆ ਸੀ ਉਵੇਂ ਚੰਦਾ ਦੇਣਾ ਸ਼ਾਮਿਲ ਹੈ (2 ਕੁਰਿੰਥੀਆਂ 9:7)। ਬੰਦਗੀ ਦੇ ਬਾਹਰੀ ਢੰਗ ਦੇ ਇਹ ਰੂਪ ਖ਼ੁਦਾ ਨੂੰ ਉਦੋਂ ਤਕ ਮੰਜ਼ੂਰ ਹਨ ਜਦ ਤਕ ਉਹਦੀ ਬੰਦਗੀ ਕਰਨ ਲਈ ਉਹ ਆਤਮਾ ਦੇ ਨਾਲ ਜੁੜਦੇ ਹਨ।

### ਬਗ਼ੈਰ ਦਸੌਂਧ ਦੇ

ਸ਼ਰ੍ਹਾ ਦੇ ਅਧੀਨ, ਦਿੱਤਾ ਜਾਣ ਵਾਲਾ ਚੰਦਾ ਦਸੌਂਧ, ਭਾਵ ਹਰ ਤਰ੍ਹਾਂ ਦੀ ਆਮਦਨੀ ਦਾ ਦਸਵਾਂ ਹਿੱਸਾ ਹੁੰਦਾ ਸੀ। ਲੋਕਾਂ ਨੂੰ ਇਹ ਚੰਦਾ ਖੁਸ਼ੀ ਦੀ ਭੇਂਟ ਦੇ ਤੌਰ ਦੇ ਨਹੀਂ ਬਲਕਿ ਇਕ ਜ਼ਿੰਮੇਵਾਰੀ ਦੇ ਤੌਰ ਤੇ ਦੇਣਾ ਹੁੰਦਾ ਸੀ। ਦਸੌਂਧ ਲੇਵੀ ਦੇ ਕਬੀਲੇ ਦੀ ਮਦਦ ਲਈ ਦਿੱਤਾ ਜਾਂਦਾ ਸੀ।

> ਅਤੇ ਵੇਖੋ ਲੇਵੀਆਂ ਲਈ ਮੈਂ ਇਸਰਾਏਲੀਆਂ ਦੇ ਸਾਰਿਆਂ ਦਸਵੰਧਾਂ ਨੂੰ ਉਨ੍ਹਾਂ ਦੇ ਵਿਰਸੇ ਵਿਚ ਉਸ ਟਹਿਲ ਸੇਵਾ ਦੇ ਬਦਲੇ ਜਿਹੜੀ ਓਹ ਮੰਡਲੀ ਦੇ ਤੰਬੂ ਵਿਚ ਕਰਦੇ ਹਨ ਦਿੱਤਾ ਹੈ। ਅਤੇ ਅੱਗੇ ਨੂੰ ਇਸਰਾਏਲ ਮੰਡਲੀ ਦੇ ਤੰਬੂ ਦੇ ਨੇੜੇ ਨਾ ਆਉਣ ਮਤੇ ਓਹ ਪਾਪ ਚੁੱਕਣ ਅਤੇ ਮਰ ਜਾਣ। ਪਰ ਲੇਵੀ ਮੰਡਲੀ ਦੇ ਤੰਬੂ ਦੀ ਟਹਿਲ ਸੇਵਾ ਕਰਨ ਅਤੇ ਓਹ ਆਪਣੀ ਬਦੀ ਆਪ ਚੁੱਕਣ। ਇਹ ਤੁਹਾਡੀਆਂ ਪੀੜ੍ਹੀਆਂ ਤੀਕ ਸਦਾ ਦੀ ਵਿਧੀ ਹੋਵੇ ਪਰ ਓਹ ਇਸਰਾਏਲੀਆਂ ਦੇ ਵਿਚ ਓਹ ਵਿਰਸਾ ਨਾ ਪਾਉਣਗੇ। ਕਿਉਂ ਜੋ ਇਸਰਾਏਲੀਆਂ ਦੇ ਦਸਵੰਧ ਨੂੰ ਜਿਹੜਾ ਓਹ ਯਹੋਵਾਹ ਲਈ ਚੁੱਕਣ ਦੀ ਭੇਂਟ ਕਰਕੇ ਲਿਆਉਂਦੇ ਹਨ ਮੈਂ ਲੇਵੀਆਂ ਨੂੰ ਵਿਰਸੇ ਵਿਚ ਦਿੱਤਾ ਹੈ। ਇਸ ਲਈ ਮੈਂ ਉਨ੍ਹਾਂ ਨੂੰ ਆਖਿਆ ਕਿ ਓਹ ਇਸਰਾਏਲੀਆਂ ਵਿਚ ਵਿਰਸਾ ਨਾ ਪਾਉਣਗੇ (ਗਿਣਤੀ 18:21, 24)।

ਵੰਡ ਸਮੇਂ ਲੇਵੀ ਦੇ ਕਬੀਲੇ ਨੂੰ ਜ਼ਮੀਨ ਮੀਰਾਸ ਵਿਚ ਨਹੀਂ ਮਿਲੀ ਸੀ (ਗਿਣਤੀ 18:20)। ਇਸ ਕਰਕੇ ਉਨ੍ਹਾਂ ਕੋਲ ਗੁਜ਼ਾਰੇ ਲਈ ਦਸੌਂਧ ਤੋਂ ਇਲਾਵਾ ਹੋਰ ਕੋਈ ਜ਼ਰੀਆ ਨਹੀਂ ਸੀ। ਇਹ ਦਸੌਂਧ ਲੇਵੀਆਂ ਦੇ ਗੁਜ਼ਾਰੇ ਲਈ ਇਸਰਾਏਲੀਆਂ ਵੱਲੋਂ ਦਿੱਤੇ ਜਾਣੇ ਸਨ (ਗਿਣਤੀ 18:26)।

ਸ਼ਰ੍ਹਾ ਦਿੱਤੇ ਜਾਣ ਤੋਂ ਪਹਿਲਾਂ ਅਬਰਾਹਾਮ ਨੇ ਸ਼ਾਲੇਮ ਦੇ ਰਾਜੇ ਮਲਕੀਸਿਦਕ ਨੂੰ ਦਸੌਂਧ ਦਿੱਤਾ ਸੀ (ਉਤਪਤ 14:20)। ਯਾਕੂਬ ਨੇ ਵੀ ਖ਼ੁਦਾ ਨਾਲ ਵਾਅਦਾ ਕੀਤਾ ਸੀ ਕਿ ਉਹ ਖ਼ੁਦਾ ਤੋਂ ਮਿਲਣ ਵਾਲੀ ਹਰ ਬਰਕਤ ਦਾ ਦਸੌਂਧ ਉਸ ਨੂੰ ਦੇਵੇਗਾ (ਉਤਪਤ 28:20-22)। ਬੇਸ਼ੱਕ ਲੋਕ ਖ਼ੁਦਾ ਨੂੰ ਦਸੌਂਧ ਦਿੰਦੇ ਸਨ ਅਤੇ ਸ਼ਰ੍ਹਾ ਵੀ ਇਹ ਮੰਗ ਕਰਦੀ ਸੀ; ਪਰ ਨਵੇਂ ਨੇਮ ਨੇ ਸਾਡੇ 'ਤੇ ਦਸੌਂਧ ਦੇਣ ਤੇ ਬੰਦਿਸ਼ ਨਹੀਂ ਲਾਈ ਹੈ। ਸਾਨੂੰ ਓਸੇ ਮੁਤਾਬਕ ਚੰਦਾ ਦੇਣਾ ਚਾਹੀਦਾ ਹੈ ਜਿਵੇਂ ਸਾਨੂੰ ਬਰਕਤ ਮਿਲੀ ਹੈ (1 ਕੁਰਿੰਥੀਆਂ 16:2) ਭਾਵ ਆਪਣੀ ਆਮਦਨੀ ਮੁਤਾਬਕ।

ਸਾਨੂੰ ਚੰਦਾ ਦਿਲੋਂ ਖੁਸ਼ੀ ਨਾਲ ਦੇਣਾ ਚਾਹੀਦਾ ਹੈ (2 ਕੁਰਿੰਥੀਆਂ 9:7)।

## ਸਾਰ

ਨਵਾਂ ਨੇਮ ਉਸ ਸ਼ਰ੍ਹਾ ਵਾਂਗ ਨਹੀਂ ਹੈ ਜੋ ਇਸਰਾਏਲੀਆਂ ਨੂੰ ਦਿੱਤੀ ਗਈ ਸੀ। ਖ਼ੁਦਾ ਨੇ ਸਾਨੂੰ ਜ਼ਿੰਮੇਵਾਰੀਆਂ ਤਾਂ ਦਿੱਤੀਆਂ ਹਨ, ਪਰ ਉਹਨੇ ਇਹ ਨਹੀਂ ਕਿਹਾ ਕਿ ਸਾਨੂੰ ਕਿੰਨਾ ਵੱਧ ਜਾਂ ਘੱਟ ਦੇਣਾ ਚਾਹੀਦਾ ਹੈ। ਸਾਨੂੰ ਆਪਣੇ ਮਨ ਵਿਚ ਤੈਅ ਕਰਨਾ ਜ਼ਰੂਰੀ ਹੈ ਕਿ ਅਸੀਂ ਵਧੀਆ ਤੋਂ ਵਧੀਆ ਸੇਵਾ ਕਿਵੇਂ ਦੇ ਸਕਦੇ ਹਾਂ। ਜੇ ਅਸੀਂ ਆਪਣੇ ਆਪ ਨੂੰ ਸੀਮਤ ਕਰ ਲਿਆ ਹੈ; ਜੇ ਅਸੀਂ ਵੱਧ ਸੇਵਾ ਕਰਦੇ ਹਾਂ ਤਾਂ ਇਹ ਇਸ ਕਰਕੇ ਹੈ ਕਿਉਂਕਿ ਅਸੀਂ ਖ਼ੁਦਾ ਦੀ ਵੱਧ ਸੇਵਾ ਕਰਨ ਦੇ ਚਾਹਵਾਨ ਹਾਂ। ਸਾਡਾ ਨਿਆਂ (ਰੋਮੀਆਂ 2:6; 2 ਕੁਰਿੰਥੀਆਂ 5:10; 1 ਪਤਰਸ 1:17) ਓਸੇ ਦੇ ਅਧਾਰ ਦੇ ਹੋਵੇਗਾ ਜੋ ਸਾਡਾ ਮਨ ਕਰਨ ਲਈ ਸਾਨੂੰ ਪ੍ਰੇਰਦਾ ਹੈ (1 ਕੁਰਿੰਥੀਆਂ 4:5)। ਖ਼ੁਦਾ ਸਾਡੇ ਮਨਾਂ ਨੂੰ ਜਾਂਚਦਾ (1 ਥੱਸਲੁਨੀਕੀਆਂ 2:4) ਅਤੇ ਸਾਡੇ ਕੰਮਾਂ ਨਾਲ ਸਾਡਾ ਨਿਆਂ ਕਰਦਾ ਹੈ (ਰੋਮੀਆਂ 2:6; 1 ਪਤਰਸ 1:17)।

ਖ਼ੁਦਾ ਨੇ ਸਾਡੇ ਕੰਮਾਂ ਲਈ ਮਾਪਦੰਡ ਠਹਿਰਾ ਦਿੱਤੇ ਹਨ, ਜਿਵੇਂ ਕਿ ਰਸੂਲਾਂ ਦੇ ਕੰਮ 15:29 ਤੋਂ ਸਪੱਸ਼ਟ ਹੈ। ਪਰ ਇਹ ਗੱਲ ਆਉਣ 'ਤੇ ਕਿ ਸਾਨੂੰ ਕਿਸ ਨੂੰ ਦੇਣਾ, ਕਿੰਨਾ ਗਾਉਣਾ, ਵਚਨ ਦਾ ਕਿੰਨਾ ਅਧਿਐਨ ਕਰਨਾ ਚਾਹੀਦਾ ਹੈ, ਦੁਆ ਕਿੰਨੀ ਕਰਨੀ ਚਾਹੀਦੀ ਹੈ, ਦੂਜਿਆਂ ਦੀ ਲੋੜ ਵਿਚ ਕਿੰਨੀ ਮਦਦ ਕਰਨੀ ਚਾਹੀਦੀ ਹੈ, ਜਾਂ ਖ਼ੁਦਾ ਦੀ ਕੋਈ ਹੋਰ ਸੇਵਾ ਕਰਨੀ ਚਾਹੀਦੀ ਹੈ, ਜੋ ਸਾਡੇ ਮਨ ਖ਼ੁਦਾ ਦੇ ਵਚਨ ਦੀ ਅਗਵਾਈ ਵਿਚ ਸਾਡੇ ਤੇ ਹਕੂਮਤ ਕਰਨੇ ਚਾਹੀਦੇ ਹਨ। ਸਾਨੂੰ ਉਹ ਅਜ਼ਾਦੀ ਹੈ ਜੋ ਸ਼ਰ੍ਹਾ ਅਧੀਨ ਲੋਕਾਂ ਨੂੰ ਨਹੀਂ ਸੀ।